74. Building of School (Basti Chandigarh) (Order of Commission)

Orders

ਦਫਤਰ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਵਣ ਭਵਨ, ਦੂਜੀ ਮੰਜਿਲ, ਟਾਵਰ-4, ਸੈਕਟਰ-68,ਐਸ.ਏ.ਐਸ.ਨਗਰ,ਮੁਹਾਲੀ ਫੋਨ ਨੰ:0172-2298093

**Email ID scperpunjab@gmail.com**

ਹਰੀ ਚੰਦ, ਐਡਵੋਕੇਟ ਪੁੱਤਰ ਸ੍ਰੀ ਲੇਟ ਸ੍ਰੀ ਸੁੰਦਰ ਦਾਸ,
ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਸ਼ਿਕਾਇਤਕਰਤਾ

ਬਨਾਮ

ਸਕੱਤਰ, ਸਕੂਲ ਸਿੱਖਿਆ ਵਿਭਾਗ ਅਤੇ ਹੋਰ

ਜਵਾਬਦੇਹ

ਸ਼ਿਕਾਇਤ ਨੰਬਰ ਨੰ: 48/ਐਫ.ਜੈਡ.ਐਲ/2019, ਮਿਤੀ 23.05.2019

ਹੁਕਮ:

ਸ੍ਰੀ ਹਰੀ ਚੰਦ, ਐਡਵੋਕੇਟ ਵਲੋਂ ਆਪਣੇ ਵਕੀਲ ਸ੍ਰੀ ਜੇ.ਐਸ.ਰਾਣਾ ਰਾਹੀਂ ਕੰਮਪਲੇਂਟ ਨੰ: 48 ਮਿਤੀ 23.5.2019 Punjab State Commission for Protection of Child Right ਵਿੱਚ ਸ਼ਿਕਾਇਤ ਦਿੱਤੀ ਸੀ ਕਿ ਸਰਕਾਰੀ ਪ੍ਰਾਇਮਰੀ ਸਕੂਲ, ਬਸਤੀ ਚੰਡੀਗੜ੍ਹ ਜੋ ਕਿ ਫਿਰੋਜ਼ਪੁਰ ਫਾਜਿਲਕਾ ਰੋਡ ਜਿਲ੍ਹਾ ਫਾਜਿਲਕਾ ਵਿਖੇ ਸਥਿੱਤੀ ਹੈ, ਵਿੱਚ ਬੱਚਿਆਂ ਨੂੰ ਬਿੰਨਾਂ ਬਿਲਡਿੰਗ ਤੋਂ ਗਰਮੀਆਂ ਦੇ ਸੀਜਨ ਵਿੱਚ ਬਿੰਨਾ ਪੱਖੇ ਅਤੇ ਪੀਣ ਵਾਲੇ ਥੰਡੇ ਪਾਣੀ ਤੋਂ ਬਿੰਨਾਂ ਗੁਜਾਰਾ ਕਰਨਾ ਪੈ ਰਿਹਾ ਹੈ। ਇਹ ਸਕੂਲ ਸੁਵਿਧਾ ਸੈਂਟਰ ਦੇ ਢੱਹੇ ਹੋਏ ਕਮਰੇ ਵਿੱਚ ਚੱਲ ਰਿਹਾ ਹੈ ਜੋ ਕਿ ਬਿੰਨਾਂ ਬੂਹੇ ਅਤੇ ਬਾਰੀਆਂ ਤੋਂ ਹੈ। ਇਸ ਸਬੰਧ ਵਿੱਚ ਉਹਨਾਂ ਨੇ ਸਬੂਤ ਵਜੋਂ ਕੰਧ ਦੇ ਸਹਾਰੇ ਬੈਠੇ ਬੱਚਿਆਂ ਦੀ ਫੋਟੋਗਰਾਫ ਵੀ ਭੇਜੀ ਹੈ ਅਤੇ ਇਹ ਬੇਨਤੀ ਕੀਤੀ ਹੈ ਕਿ ਕਮਿਸਨ ਇਸ ਦੀ ਹਾਈ ਲੈਵਲ ਇੰਨਕੁਆਰੀ ਕਰਾਵੇ ਅਤੇ ਇਸ ਸਕੂਲ ਲਈ ਯੋਗ ਜਗ੍ਹਾ ਅਤੇ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਕਰਵਾਉਣ ਜਿਵੇਂ ਕਿ ਰਾਜ ਦੇ ਦੂਜੇ ਸਕੂਲਾਂ ਦੇ ਬੱਚਿਆਂ ਨੂ ਸੁਵਿਧਾਵਾ ਦਿੱਤੀਆਂ ਜਾਂਦੀਆਂ ਹਨ।

ਇਸ ਸਬੰਧ ਵਿੱਚ ਕਮਿਸ਼ਨ ਵਲੋਂ ਡੀ.ਪੀ.ਆਈ. ਐਲੀਮੈਂਟਰੀ, ਮੋਹਾਲੀ ਨੂੰ ਸ਼ਿਕਾਇਤ ਦੀ ਕਾਪੀ ਭੇਜ ਕੇ ਸਬੰਧਤ ਸਕੂਲ ਮੁੱਖੀ ਨਾਲ ਮੀਟਿੰਗ ਕਰਨ ਉਪਰੰਤ ਕਾਰਵਾਈ ਰਿਪੋਰਟ 15 ਦਿਨਾਂ ਦੇ ਅੰਦਰ-2 ਭੇਜਣ ਲਈ ਮਿਤੀ 28.5.2019 ਨੂੰ ਲਿਖਿਆ ਗਿਆ। ਇਸ ਸਬੰਧ ਵਿੱਚ ਸਹਾਇਕ ਡਾਇਰੈਕਟਰ(ਸੇਵਾਵਾਂ) ਐਲੀਮੈਂਟਰੀ ਸਿੱਖਿਆ ਵਿਭਾਗ, ਪੰਜਾਬ ਵਲੋਂ ਆਪਣੇ ਪੱਤਰ ਨੰ: 379, ਮਿਤੀ 1.7.2019 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਕਿ ਉਹਨਾਂ ਵੱਲੋਂ ਜਿਲ੍ਹਾ ਸਿੱਖਿਆ ਅਫਸਰ, ਫਾਜਿਲਕਾ ਨੂੰ ਇਸ ਸ਼ਿਕਾਇਤ ਉਪਰ ਇੱਕ ਹਫਤੇ ਦੇ ਅੰਦਰ ਪੜਤਾਲ ਕਰਵਾ ਕੇ ਰਿਪੋਰਟ ਭੇਜਣ ਲਈ ਲਿਖਿਆ ਗਿਆ ਹੈ।

ਇਸ ਕੇਸ ਦੀ ਸੁਣਵਾਈ ਮਿਤੀ 11.7.2019 ਸਮੇਂ ਸ਼ਿਕਾਇਤਕਰਤਾ ਸ੍ਰੀ ਹਰੀ ਚੰਦ, ਐਡਵੋਕੇਟ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਸ੍ਰੀ ਸੁਸ਼ੀਲ ਨਾਥ, ਸਹਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA) ਪੇਸ਼ ਹੋਏ। ਸਿੱਖਿਆ ਵਿਭਾਗ ਦੇ ਅਧਿਕਾਰੀ ਵਲੋਂ ਜਿਲ੍ਹਾ ਸਿੱਖਿਆ ਅਫਸਰ, ਫਾਜਿਲਕਾ ਵਲੋਂ ਭੇਜਿਆ ਪੱਤਰ ਮਿਤੀ 9.7.2019 ਪੇਸ਼ ਕੀਤਾ ਜਿਸ ਰਾਹੀਂ ਦੱਸਿਆ ਗਿਆ ਹੈ ਕਿ ਇਸ ਸਬੰਧ ਵਿੱਚ ਸਹਾਇਕ ਡਾਇਰੈਕਟਰ ਸਮੇਤ ਸਬੰਧਤ ਬਲਾਕ ਦਾ ਬੀ.ਪੀ.ਈ.ਓ. ਅਤੇ ਜਿਲ੍ਹਾ ਸਿੱਖਿਆ ਅਫਸਰ ਸਮੇਤ ਸਕੂਲ ਦਾ ਦੌਰਾ ਕੀਤਾ ਗਿਆ ਸੀ ਮੌਕੇ ਤੇ ਵੇਖਿਆ ਗਿਆ ਹੈ ਕਿ ਪ੍ਰੀ-ਪ੍ਰਾਇਮਰੀ ਜਮਾਤ ਪਹਿਲੀ ਜਮਾਤ ਦੇ ਨਾਲ ਹੀ ਮਿਲਾ ਕੇ ਇੱਕ ਕਮਰੇ ਵਿੱਚ ਵਿਦਿਆਰਥੀਆਂ ਨੂੰ ਬਠਾ ਕੇ ਪੜਾਈ ਕਰਵਾਈ ਜਾ ਰਹੀਂ ਸੀ। ਬੱਚਿਆਂ ਦੀਆਂ

Scanned by CamScanner

ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਨੂੰ ਮੌਕੇ ਤੇ ਬੁਲਾ ਕੇ ਸਕੂਲ ਦੇ ਨਵੀਨੀਕਰਨ ਕਰਨ ਲਈ ਵਿਚਾਰ ਚਰਚਾ ਕੀਤੀ ਗਈ। ਵਿਚਾਰ ਚਰਚਾ ਦੇ ਬਾਅਦ ਪਿੰਡ ਵਾਸੀਆਂ ਵਲੋਂ ਮਿਤੀ 31.7.2019 ਤੋਂ ਪਹਿਲਾਂ-2 ਸਕੂਲ ਲਈ ਜਗ੍ਹਾ ਮੁਹੱਈਆ ਕਰਵਾਉਣ ਅਤੇ ਵਿਭਾਗ ਦੇ ਨਾਮ ਜਗ੍ਹਾ ਟਰਾਂਸਫਰ ਕਰਨ ਦੀ ਸਹਿਮਤੀ ਦਿੱਤੀ ਗਈ। ਜਿਵੇਂ ਹੀ ਪੰਚਾਇਤ ਵਲੋਂ ਜਗ੍ਹਾ ਦਾ ਪ੍ਰਬੰਦ ਕਰ ਦਿੱਤਾ ਜਾਵੇਗਾ ਜਲਦ ਤੋਂ ਜਲਦ ਸਿੱਖਿਆ ਵਿਭਾਗ ਵਲੋਂ ਇਸ ਸਕੂਲ ਦੇ ਨਵੀਨੀਕਰਨ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਜਾਵੇਗੀ।

ਸਿੱਖਿਆ ਵਿਭਾਗ ਦੇ ਅਧਿਕਾਰੀ ਸ੍ਰੀ ਸੁਸ਼ੀਲ ਨਾਥ, ਸਹਾਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA) ਨੂੰ ਹਦਾਇਤ ਕੀਤੀ ਜਾਂਦੀ ਕਿ ਉਹ ਜਿਲ੍ਹਾ ਫਾਜਿਲਕਾ ਦੇ ਨੋਡਲ ਅਧਿਕਾਰੀ ਹੋਣ ਦੇ ਨਾਤੇ ਇਸ ਸਕੂਲ ਲਈ ਜਗ੍ਹਾ ਦਾ ਪ੍ਰਬੰਧ ਕਰਵਾ ਕੇ ਸਿੱਖਿਆ ਵਿਭਾਗ ਦੇ ਫੰਡਾਂ ਵਿੱਚੋਂ ਨਵੀਂ ਉਸਾਰੀ ਲਈ ਇਸੇ ਵਿੱਤੀ ਸਾਲ 2019-20 ਦੇ ਫੰਡਾਂ ਵਿੱਚੋਂ ਕਰਨ ਲਈ ਉਪਰਾਲੇ ਕਰਨਗੇ, ਜਦੋਂ ਤੱਕ ਨਵੀਂ ਬਿਲਡਿੰਗ ਨਹੀਂ ਬਣ ਜਾਂਦੀ ਉੱਦੋਂ ਤੱਕ ਲਈ ਬੱਚਿਆਂ ਦੇ ਗਰਮੀ/ਸਰਦੀ ਵਿੱਚ ਬੈਠਣ ਲਈ ਵਿਕਲਪ ਦੇ ਤੌਰ ਤੇ ਢੁੱਕਵੀ ਜਗ੍ਹਾ/ਬਿਲਡਿੰਗ ਦਾ ਪ੍ਰਬੰਧ ਕਰਨਗੇ।

ਮਿਤੀ: 06.08.2019

ਚੇਅਰਪਰਸਨ

ਪਿੱਠ ਅੰਕਣ ਨੰ:48/ਐਫ.ਜੈਡ.ਐਲ/2019/820-22 ਮਿਤੀ: 13.08.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸ੍ਰੀ ਸੁਸ਼ੀਲ ਨਾਥ, ਸਹਾਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA), ਸਿੱਖਿਆ ਭਵਨ, ਫੇਜ-8, ਐਸ.ਏ.ਐਸ ਨਗਰ।
3. ਹਰੀ ਚੰਦ, ਐਡਵੋਕੇਟ ਪੁੱਤਰ ਸ੍ਰੀ ਲੇਟ ਸ੍ਰੀ ਸੁੰਦਰ ਦਾਸ, ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਚੇਅਰਪਰਸਨ

Scanned by CamScanner